24 Aug 2001

ਮੈਂ ਤਾਂ ਇਕ ਸਾਰੰਗੀ ਹਾਂ

ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

(ਆਤਮਜੀਤ ਦਾ ਨਾਟਕ ਜੋ 18-20 ਅਗਸਤ 2001 ਨੂੰ ਟੈਗੋਰ ਥੀਏਟਰ 'ਚ ਖੇਡਿਆ ਗਿਆ।)

...'ਤੇ ਉਸ ਕੁੜੀ ਨੂੰ ਜਦੋਂ ਭਰਾ ਨੇ ਮਾਰ ਕੇ ਜ਼ਮੀਨ 'ਚ ਦੱਬ ਦਿੱਤਾ ਤਾਂ ਉਹ ਇਕ ਰੁੱਖ ਬਣ ਗਈ। ਰੁੱਖ ਦੇ ਥੱਲੇ ਕੋਈ ਆਂਦਾ ਤਾਂ ਹਵਾ ਦੀ ਸ਼ਾਂ-ਸ਼ਾਂ ਵਿਚ ਸੰਵੇਦਨਸ਼ੀਲ ਦਿਲ ਵਾਲਾ ਉਹਦੇ ਦੁੱਖ ਦਾ ਗੀਤ ਸੁਣ ਸਕਦਾ ਸੀ। ਇਕ ਰਮਤਾ ਉਸ ਰੁੱਖ ਦੇ ਥੱਲੇ ਆਇਆ ਤਾਂ ਉਸ ਨੇ ਉਹ ਗੀਤ ਸੁਣਿਆ, ਕੁੜੀ ਦੀ ਵਾਰਤਾ ਸੁਣੀ। ਉਸ ਨੇ ਇਰਾਦਾ ਬਣਾਇਆ ਕਿ ਉਹ ਗੀਤ ਗਲੀ-ਗਲੀ ਵਿਚ ਗਾਏਗਾ। ਉਹ ਰਮਤੇ ਨੇ ਉਸ ਰੁੱਖ ਦੀ ਲੱਕੜੀ ਤੋਂ ਸਾਰੰਗੀਆਂ ਬਣਾਈਆਂ ਤਾਂ ਜੋ ਸਾਰੰਗੀ ਦੇ ਸੰਗੀਤ 'ਚ ਕੁੜੀ ਦੀ ਚੀਸ ਰਹਿੰਦੀ ਦੁਨੀਆਂ ਤਕ ਪੁੱਜੇ।

ਇਕ ਸਾਰੰਗੀ ਵਿਚ ਸੰਗੀਤ ਵੀ ਹੈ ਅਤੇ ਦਰਦ ਵੀ ਹੈ। ਆਤਮਜੀਤ ਨੇ ਇਸ ਪ੍ਰਤੀਕ ਨੂੰ ਔਰਤ ਦੀ ਵੇਦਨਾ ਅਤੇ ਸੰਵੇਦਨਾ ਮੰਨ ਕੇ ਇਸ ਨਾਟਕ ਦੀ ਸਿਰਜਣਾ ਕੀਤੀ ਹੈ। ਇਹ ਤਿੰਨ ਔਰਤਾਂ ਦੀ ਕਹਾਣੀ ਹੈ, ਜੋ ਹੁਣ ਉਮਰ ਦੇ ਉਸ ਪੜਾਅ 'ਚ ਹਨ ਕਿ ਉਹ ਆਪਣੀਆਂ ਯਾਦਾਂ ਸਾਂਝੀਆਂ ਕਰਦੀਆਂ ਹੋਈਆਂ ਸਮੁੱਚੀ ਔਰਤ ਦੀ ਕਹਾਣੀ ਕਹਿਣ ਦੇ ਯੋਗ ਹਨ। ਤਿੰਨਾਂ ਔਰਤਾਂ ਵਿਚ ਦੋਹਾਂ ਦੇ ਆਪਸੀ ਰਿਸ਼ਤੇ ਸਮਲਿੰਗੀ ਹਨ। ਤੀਜੀ ਔਰਤ ਇਕ ਬੇਬਾਕ ਚਰਿੱਤਰ ਦੀ ਮਾਲਕ ਹੈ। ਨਾਟਕ ਦੇ ਆਰੰਭ ਵਿਚ ਹੀ ਇਨ੍ਹਾਂ ਦੇ ਕਰੈਕਟਰ ਉਭਰਦੇ ਹਨ। ਇਨ੍ਹਾਂ ਦੀ ਪਛਾਣ ਦਰਸ਼ਕਾਂ ਨਾਲ ਬਣਦੀ ਹੈ।

ਨਾਟਕ ਕਿਉਂਕਿ ਆਤਮਜੀਤ ਦਾ ਨਾਟਕ ਹੈ, ਇਸ ਲਈ ਇਹ ਪਛਾਣ ਆਪਣੇ ਆਪ ਵਿਚ ਪੂਰੀ ਤਰ੍ਹਾਂ ਨਾਟਕ ਦੀ ਵਿਧਾ ਦੀ ਵਰਤੋਂ ਕਰਦੀ ਹੈ। ਇਕ ਡਾਇਰੀ ਰਾਹੀਂ ਨਾਟਕਕਾਰ ਇਹ ਦੱਸਦਾ ਹੈ ਕਿ ਡਾਇਰੀ ਦੇ ਹਰ ਵਰਕੇ 'ਤੇ ਉਸ ਦੇ ਕਿਸੇ ਨਾ ਕਿਸੇ ਪ੍ਰੇਮੀ ਦਾ ਜ਼ਿਕਰ ਹੈ। 72 ਵਰਕਿਆਂ ਵਿਚੋਂ ਹੁਣ ਦੋ ਹੀ ਖਾਲੀ ਹਨ ਯਾਨੀ ਉਹ 70 ਮਰਦਾਂ ਨਾਲ ਸੈਕਸ ਹੰਢਾ ਚੁੱਕੀ ਹੈ। ਨਾਟਕ ਦੇ ਅੱਗੇ ਚਲਦਿਆਂ ਇਹ ਪਛਾਣ ਇਕ ਵਫਾਦਾਰ ਮਰਦ ਦੀ ਹੈ, ਮੂਰਖਾਂ 'ਚੋਂ ਇਕ ਮੂਰਖ ਦੀ ਪਛਾਣ ਹੈ, ਦਿਲ ਫੈਂਕ ਆਸ਼ਿਕ ਦੀ ਪਛਾਣ ਹੈ, ਇਕ ਸਵਾਰਥੀ ਦੀ ਪਛਾਣ ਹੈ। ਸਮਲਿੰਗੀ ਰਿਸ਼ਤੇ ਵਿਚ ਰਹਿੰਦਿਆਂ ਦੋਵੇਂ ਔਰਤਾਂ ਦੀਆਂ ਆਪਣੀਆਂ-ਆਪਣੀਆਂ ਕਹਾਣੀਆਂ ਹਨ, ਆਪਣੀਆਂ-ਆਪਣੀਆਂ ਯਾਦਾਂ ਹਨ ਜੋ ਉਨ੍ਹਾਂ ਦੀਆਂ ਬਚਪਨ ਅਤੇ ਜਵਾਨੀ ਦੀ ਜ਼ਿੰਦਗੀ ਨਾਲ ਜੁੜਦੀਆਂ ਹਨ। ਪਿਤਾ ਦੇ ਪਿਆਰ ਦੀ ਗੈਰਹਾਜ਼ਰੀ, ਮਾਂ ਦੇ ਆਸ਼ਿਕ ਦੀ ਜਵਾਨ ਹੁੰਦੀ ਧੀ ਵੇਖ ਕੇ ਮਾਂ ਦਾ ਜਵਾਈ ਬਣਨ ਦੀ ਲਾਲਸਾ, ਜਦੋਂ ਇਕ ਨਿੱਕੀ ਕੁੜੀ ਜੋ ਉਸ ਨੂੰ ਚਾਚਾ ਆਖਦੀ ਸੀ ਹੁਣ ਮਾਂ ਵਲੋਂ ਹੀ ਉਹਨੂੰ ਮਿਸਟਰ ਸਿੰਘ ਆਖਣ 'ਤੇ ਮਜਬੂਰ ਕੀਤਾ ਜਾਂਦਾ ਹੈ ਕਿਉਂਕਿ ਮਾਂ ਤੇ ਧੀ ਦਾ ਰੋਟੀ ਦਾ ਗੁਜ਼ਾਰਾ ਉਸ ਮਰਦ ਨੇ ਮੁਹੱਈਆ ਕਰਨਾ ਹੈ।

ਨਾਟਕ ਜਿਉਂ-ਜਿਉਂ ਅੱਗੇ ਚਲਦਾ ਹੈ, ਔਰਤ ਅਤੇ ਮਰਦ ਦੇ ਆਪਸੀ ਰਿਸ਼ਤਿਆਂ ਬਾਰੇ ਕਈ ਬਿਆਨ ਹਨ। ਨਿੱਕੀਆਂ-ਨਿੱਕੀਆਂ ਕਹਾਣੀਆਂ ਹਨ।

ਹਰ ਇਕ ਕਹਾਣੀ ਇਕ ਮਰਦ ਹੀ ਲਿਖਦਾ ਹੈ।

ਹਰ ਇਕ ਮਰਦ ਔਰਤ ਨਾਲ ਰਿਸ਼ਤੇ ਦੇ ਸੰਦਰਭ ਵਿਚ ਇਕ ਮਖੌਟਾ ਧਾਰੀ ਹੈ।

ਇਕ ਮਰਦ ਅਤੇ ਇਕ ਕੁੱਤੀ ਦੇ ਪੁੱਤਰ ਵਿਚ ਕੋਈ ਫਰਕ ਨਹੀਂ।

ਪੁਜਾਰੀ ਆਪਣੀ ਧੀ ਦਾ ਵਿਆਹ ਇਕ ਕੁੱਤੇ ਨਾਲ ਕਰਦਾ ਹੈ ਜੋ ਬੜੇ ਨੇਮ ਨਾਲ ਭਗਤਾਂ ਵਾਂਗੂੰ ਮੰਦਰ 'ਚ ਹਾਜ਼ਰੀ ਭਰਦਾ ਹੈ। ਪੁਜਾਰੀ ਦੀਆਂ ਸੱਤ ਧੀਆਂ ਹਨ। ਇਕ ਧੀ ਦਾ ਭਾਰ ਹੌਲਾ ਕਰਨ ਲਈ ਇਕ ਕੁੱਤੇ ਨਾਲ ਉਹਦਾ ਵਿਆਹ ਕਰਨ 'ਤੇ ਪੁਜਾਰੀ ਨੂੰ ਕੋਈ ਇਤਰਾਜ਼ ਨਹੀਂ।

ਇਕ ਰਾਜੇ ਦਾ ਪੁੱਤਰ ਅਤੇ ਇਕ ਵਜ਼ੀਰ ਦੇ ਪੁੱਤਰ ਦਾ ਆਪਸੀ ਸਮਝੌਤਾ ਹੈ ਕਿ ਜਿਸ ਦਾ ਵੀ ਪਹਿਲਾਂ ਵਿਆਹ ਹੋਵੇਗਾ, ਉਹ ਪਹਿਲੀ ਰਾਤ ਆਪਣੀ ਵਹੁਟੀ ਨੂੰ ਦੂਜੇ ਦੇ ਹਵਾਲੇ ਕਰੇਗਾ। ਉਸ ਦੇ ਇਸ ਸ਼ੁਗਲ ਵਰਗੇ ਸਮਝੌਤੇ 'ਚ ਵਹੁਟੀ ਦਾ ਕੀ ਬਣੇਗਾ ? ਵਹੁਟੀ ਜੋ ਪਹਿਲੀ ਰਾਤ ਆਪਣੇ ਪਤੀ ਨਾਲ ਨਹੀਂ ਸਗੋਂ ਪਤੀ ਦੇ ਦੋਸਤ ਨਾਲ ਨਿਭਾਉਣ ਲਈ ਮਜਬੂਰ ਹੋਵੇਗੀ, ਬਾਕੀ ਜ਼ਿੰਦਗੀ ਇਸ ਪਹਿਲੀ ਰਾਤ ਦੇ ਰਿਸ਼ਤੇ ਨੂੰ ਕਿਸ ਤਰ੍ਹਾਂ ਭੁੱਲੇਗੀ ?

ਇਕ ਰਾਜਕੁਮਾਰ ਇਕ ਭਠਿਆਰਨ ਨਾਲ ਇਸ਼ਕ ਕਰ ਸਕਦਾ ਹੈ, ਇਕ ਝਿਊਰੀ ਨਾਲ ਇਸ਼ਕ ਕਰ ਸਕਦਾ ਹੈ, ਇਕ ਗਵਾਲਣ ਨਾਲ ਇਸ਼ਕ ਕਰ ਸਕਦਾ ਹੈ, ਕਿਉਂਕਿ ਉਹ ਇਕ ਰਾਜਕੁਮਾਰ ਹੈ। ਪਰ ਜਿਹੜੀ ਰਾਣੀ ਉਹਦੇ ਨਾਲ ਵਿਆਹ ਕਰੇਗੀ ਕੀ ਉਹ ਰਾਜ ਮਹਿਲ ਦੀ ਸ਼ਾਨੋਸ਼ੌਕਤ ਜਾਂ ਗੋਲੀਆਂ ਦੀ ਸੇਵਾ ਨਾਲ ਹੀ ਤ੍ਰਿਪਤ ਹੋ ਜਾਏਗੀ ?

ਔਰਤ-ਔਰਤ ਦੇ ਜਿਹੜੇ ਸਮਲਿੰਗੀ ਰਿਸ਼ਤੇ ਹਨ, ਉਨ੍ਹਾਂ ਵਿਚ ਜੋ ਲੱਜ਼ਤ ਹੈ, ਉਹ, ਉਹ ਨਹੀਂ ਸਮਝ ਸਕਦੇ ਜਿਨ੍ਹਾਂ ਨੇ ਇਹ ਰਿਸ਼ਤਾ ਹੰਢਾਇਆ ਨਹੀਂ। ਇਹਦੇ ਵਿਚ ਕੋਈ ਸ਼ੋਸ਼ਣ ਨਹੀਂ, ਇਹ ਬਰਾਬਰ ਦਾ ਰਿਸ਼ਤਾ ਹੈ।

ਬੱਚੀ ਤੋਂ ਮੁਟਿਆਰ ਹੁੰਦੀ ਕੁੜੀ ਆਪਣੇ ਬਾਪ ਦੇ ਆਪਣੀ ਮਾਂ ਦੇ ਨਾਲ ਕੀਤੇ ਜਾਂਦੇ ਸਲੂਕ ਨੂੰ ਘੋਖਦੀ ਹੈ ਅਤੇ ਐਸੇ ਪ੍ਰਭਾਵ ਕਬੂਲਦੀ ਹੈ, ਜੋ ਉਮਰ ਭਰ ਉਹਦਾ ਸਾਥ ਨਹੀਂ ਛੱਡਦੇ।

ਮੇਰਾ ਬਲਾਤਕਾਰ ਹੋਇਆ ਹੈ। ਇਕ ਵਹਿਸ਼ੀ ਦੇ ਹੱਥੋਂ ਮੈਂ ਲੁੱਟੀ ਗਈ, ਪੁੱਟੀ ਗਈ, ਮਧੋਲੀ ਗਈ, ਵਲੂੰਧਰੀ ਗਈ, ਹੁਣ ਮੈਂ ਪੂਰੀ ਮਰਦ ਜ਼ਾਤ ਕੋਲੋਂ ਬਦਲਾ ਲਵਾਂਗੀ।

ਭਾਬੀ ਨਨਾਣ ਬਾਰੇ ਪਤੀ ਨੂੰ ਸ਼ਿਕਾਇਤ ਕਰਦੀ ਹੈ ਕਿ ਉਹਦੀ ਭੈਣ ਨੇ ਉਹ ਦਾ ਲਹਿੰਗਾ ਦਾਗੀ ਕਰ ਦਿੱਤਾ ਹੈ। ਹੁਣ ਤਾਂ ਉਹ ਉਸ ਨੂੰ ਤਾਂ ਹੀ ਪਾਵੇਗੀ, ਜੇ ਉਹ ਪੂਰੀ ਤਰ੍ਹਾਂ ਉਹਦੀ ਭੈਣ ਦੇ ਲਹੂ ਨਾਲ ਰੰਗਿਆ ਜਾਵੇ।

ਇਸ ਤਰ੍ਹਾਂ ਸੰਵਾਦਾਂ ਰਾਹੀਂ, ਨਿੱਕੇ-ਨਿੱਕੇ ਬਿਆਨਾਂ ਰਾਹੀਂ ਲੋਕ ਗਾਥਾਵਾਂ ਦੇ ਸਾਰੰਸ਼ਾਂ ਤੋਂ ਔਰਤ ਦੇ ਦੁੱਖ ਦੀ ਕਹਾਣੀ ਬੜੀ ਨਿਪੁੰਨਤਾ ਨਾਲ, ਕਲਾਤਮਕ ਢੰਗ ਨਾਲ ਅੱਗੇ ਤੁਰਦੀ ਹੈ। ਨਿਰਦੇਸ਼ਕ ਆਤਮਜੀਤ ਆਪਣੀ ਨਿਰਦੇਸ਼ਨਾ ਦੇ ਸਿਖਰ 'ਤੇ ਹੈ। ਨਾਟਕ ਨੂੰ ਕਿਧਰੇ ਵੀ ਢਿੱਲਾ ਨਹੀਂ ਹੋਣ ਦੇਂਦਾ। ਉਹਨੂੰ ਪਤਾ ਹੈ ਕਿ ਸੰਗੀਤ ਦੀਆਂ ਛੋਹਾਂ ਉਹਦੇ ਸਿਰਜੇ ਨਾਟਕ ਨੂੰ ਗਹਿਰਾਈ ਪ੍ਰਦਾਨ ਕਰਦੀਆਂ ਹਨ। ਰੋਸ਼ਨੀ ਦੀ ਤਕਨੀਕ ਨਾਟਕ ਨੂੰ ਲੋੜੀਂਦੀ ਗਤੀ ਦੇਂਦੀ ਹੈ, ਨਾਟਕ ਦੀ ਪਕੜ ਨੂੰ ਪੀਡਾ ਕਰਦੀ ਹੈ।

ਪਰ ਨਾਟਕ ਦਾ ਸਮੁੱਚਾ ਪ੍ਰਭਾਵ ਉਸ ਉੱਤਮਤਾ ਨੂੰ ਨਹੀਂ ਛੂੰਹਦਾ ਜਿਸ ਦੀ ਇਕ ਸ਼ਾਹਕਾਰ ਕਲਾ ਕਿਰਤ ਤੋਂ ਉਮੀਦ ਰੱਖੀ ਜਾਂਦੀ ਹੈ। ਇਹਦਾ ਕਾਰਨ ਇਹ ਦੀ ਸਕਰਿਪਟ ਹੈ। ਆਤਮਜੀਤ ਇਕ ਲੇਖਕ ਦੇ ਤੌਰ 'ਤੇ ਉਸ ਬੁਲੰਦੀ 'ਤੇ ਨਹੀਂ ਜਾ ਸਕਿਆ ਜਿਸ ਬੁਲੰਦੀ 'ਤੇ ਨਿਰਦੇਸ਼ਕ ਆਤਮਜੀਤ ਜਾਂਦਾ ਹੈ। ਨਾਟਕ ਖਤਮ ਹੋਣ 'ਤੇ ਦਰਸ਼ਕ ਆਪਣੇ ਆਪ ਨੂੰ ਸੰਬੋਧਨ ਹੋ ਕੇ ਪੁੱਛਦਾ ਹੈ- ਆਖਰ ਨਾਟਕਕਾਰ ਕਹਿਣਾ ਕੀ ਚਾਹੁੰਦਾ ਹੈ? ਕੀ ਮਰਦ-ਔਰਤ ਦੇ ਆਪਸੀ ਪੁੱਠੇ-ਸਿੱਧੇ ਰਿਸ਼ਤੇ ਜਾਂ ਉਲਾਰ ਰਿਸ਼ਤੇ ਹੀ ਜ਼ਿੰਦਗੀ ਦਾ ਸੱਚ ਹਨ? ਕੀ ਆਦਰਸ਼ਵਾਦ, ਜ਼ਿੰਦਗੀ ਨੂੰ ਸੋਹਣਾ ਬਣਾਉਣ ਦੀ ਲੋਚਾ ਮੁਖੌਟੇ ਤੋਂ ਸਿਵਾ ਕੁਝ ਨਹੀਂ ? ਕੀ ਔਰਤ-ਔਰਤ ਦਾ ਗੈਰਕੁਦਰਤੀ ਸੈਕਸ ਰਿਸ਼ਤਾ ਹੀ ਜ਼ਿੰਦਗੀ ਦੀ ਲੱਜ਼ਤ ਹੈ ? ਅਸੀਂ ਜਾਣਦੇ ਹਾਂ ਕਿ ਸਾਡੀ ਸਾਧਾਰਨ ਟੱਬਰਾਂ ਦੀ ਜ਼ਿੰਦਗੀ ਬੜੀ ਸਾਂਵੀ ਅਤੇ ਪੱਧਰੀ ਹੈ। ਨਿੱਕੀਆਂ-ਨਿੱਕੀਆਂ ਗ਼ਮੀਆਂ-ਖੁਸ਼ੀਆਂ ਦੀ ਸ਼ਮੂਲੀਅਤ ਨਾਲ ਪਤੀ-ਪਤਨੀ ਆਪਸੀ ਪਿਆਰ ਅਤੇ ਵਿਸ਼ਵਾਸ ਦੀ ਜ਼ਿੰਦਗੀ ਲੰਘਾਂਦੇ ਹਨ। ਤ੍ਰੇੜਾਂ ਵੀ ਆਂਦੀਆਂ ਹਨ ਪਰ ਜ਼ਿੰਦਗੀ ਦੀ ਖੇਡ ਸਮਝ ਕੇ ਉਨ੍ਹਾਂ ਦਾ ਮੁਕਾਬਲਾ ਕੀਤਾ ਜਾਂਦਾ ਹੈ। ਕਿਸੇ ਕਲਾ-ਕਿਰਤ ਦਾ ਸੁਨੇਹਾ ਇਸ ਤਰ੍ਹਾਂ ਉਲਾਰ ਨਹੀਂ ਹੋਣਾ ਚਾਹੀਦਾ। ਉਲਾਰ ਜ਼ਿੰਦਗੀ ਦੀ ਖਾਹਿਸ਼ ਜ਼ਿੰਦਗੀ ਦੀ ਸੱਚਾਈ ਨਹੀਂ। ਇਹ ਪਹੁੰਚ ਇਕ ਸਨਕੀ ਸੋਚ ਦਾ ਪ੍ਰਭਾਵ ਦੇਂਦੀ ਹੈ। ਸਕਰਿਪਟ 'ਚ ਇਹਦਾ ਆਸਾਨੀ ਨਾਲ ਧਿਆਨ ਰੱਖਿਆ ਜਾ ਸਕਦਾ ਸੀ। ਨਾਟਕ ਦੀਆਂ ਤਿੰਨੇ ਔਰਤਾਂ ਬੜੀ ਬੇਬਾਕੀ ਨਾਲ ਜ਼ਿੰਦਗੀ ਦੀਆਂ ਸੱਚਾਈਆਂ ਬਾਰੇ ਸੰਵਾਦ ਰਚਾਉਂਦੀਆਂ ਹਨ (ਨਾਟਕ ਦੀ ਵੱਡੀ ਖੂਬੀ)। ਉਨ੍ਹਾਂ ਦੇ ਸੰਵਾਦ 'ਚ ਹੀ ਇਕ-ਦੋ ਫਿਕਰੇ ਬੋਲੇ ਜਾ ਸਕਦੇ ਸਨ। ਖੁਸ਼ਗਵਾਰ ਜ਼ਿੰਦਗੀ ਦੀ ਲੋਚਾ ਆਪਣੇ ਆਪ ਵਿਚ ਵੀ ਜ਼ਿੰਦਗੀ ਦੀ ਸੱਚਾਈ ਹੈ। ਸਾਡੇ ਸਾਹਿਤਕਾਰਾਂ ਨੂੰ ਇਹ ਚਿੰਤਾ ਕਿਉਂ ਲੱਗ ਜਾਂਦੀ ਹੈ ਕਿ ਇਸ ਤਰ੍ਹਾਂ ਨਾਲ ਉਨ੍ਹਾਂ ਉਤੇ ਨਾਅਰੇ ਦਾ ਲੇਬਲ ਲੱਗ ਜਾਏਗਾ।

ਉਂਜ ਇਹ ਚੰਗਾ ਹੀ ਸੀ ਕਿ ਨਾਟਕ ਬਾਲਗਾਂ ਲਈ ਹੀ ਰੱਖਿਆ ਗਿਆ ਕਿਉਂਕਿ ਅੱਲ੍ਹੜ ਉਮਰ ਦੇ ਬੱਚਿਆਂ ਉਤੇ ਇਸ ਦਾ ਗਲਤ ਅਸਰ ਵੀ ਪੈ ਸਕਦਾ ਹੈ।

ਨਾਟਕ ਵਿਚ ਅਭਿਨੈ ਕਲਾ ਦਾ ਕਮਾਲ ਵੇਖਿਆ ਗਿਆ। ਤਿੰਨੋਂ ਕੁੜੀਆਂ ਅਨੀਤਾ, ਰਮਨਦੀਪ ਅਤੇ ਜਸਪਾਲ ਦਿਉਲ ਅਤੇ ਮਰਦ ਪਾਤਰ ਜਸਬੀਰ ਢਿੱਲੋਂ ਪੰਜਾਬੀ ਰੰਗਮੰਚ ਦੀਆਂ ਮੰਨੀਆਂ ਹੋਈਆਂ ਅਭਿਨੇਤਰੀਆਂ/ ਅਭਿਨੇਤਾ ਹਨ। ਇਨ੍ਹਾਂ ਨੇ ਆਪਣੇ ਅਭਿਨੈ 'ਚ ਕਮਾਲ ਜਾਂ ਕਹਿ ਲਵੋ ਕਮਾਲਾਂ ਹੀ ਵਿਖਾਈਆਂ ਹਨ। ਇਨ੍ਹਾਂ ਕਲਾਕਾਰਾਂ ਨੂੰ ਇਸ ਦਾ ਕਰੈਡਿਟ ਜਾਂਦਾ ਹੈ ਪਰ ਆਤਮਜੀਤ ਨੂੰ ਇਹਦਾ ਜ਼ਿਆਦਾ ਕਰੈਡਿਟ ਜਾਂਦਾ ਹੈ। ਇਕ-ਇਕ 'ਜੈਸਚਰ' ਧੂਹ ਪਾਉਂਦਾ ਸੀ। ਨਾਟਕ 'ਚ ਅਭਿਨੈ ਦੀਆਂ ਬੜੀਆਂ ਵੰਨਗੀਆਂ ਸਨ। ਇਕ ਮਾਡਰਨ ਹੰਢੀ ਹੋਈ ਔਰਤ, ਇਕ ਪੀੜਤ ਔਰਤ, ਸੈਕਸ ਦੀ ਭੁੱਖੀ ਔਰਤ, ਇਕ ਅੱਲ੍ਹੜ ਕੁੜੀ, ਇਕ ਭਠਿਆਰਨ, ਇਕ ਝਿਊਰੀ, ਇਕ ਗੁੱਜਰੀ, ਜ਼ਿੰਦਗੀ ਤੋਂ ਹਾਰੀ ਹੋਈ ਔਰਤ, ਸਮਾਜ ਤੋਂ ਬਦਲਾ ਲੈਣ ਦਾ ਇਰਾਦਾ ਰੱਖਣ ਵਾਲੀ ਔਰਤ। ਤਿੰਨੋਂ ਕੁੜੀਆਂ ਨੇ ਆਪਣੀਆਂ-ਆਪਣੀਆਂ ਭੂਮਿਕਾਵਾਂ ਨੂੰ ਨਿਰਦੇਸ਼ਕ ਦੀਆਂ ਹਦਾਇਤਾਂ ਅਨੁਸਾਰ ਪੂਰੀ ਸ਼ਿੱਦਤ ਨਾਲ ਨਿਭਾਇਆ।

ਇਸ ਨਾਟਕ ਨੂੰ ਪੰਜਾਬੀ ਨਾਟਕ ਦੀ ਪ੍ਰਾਪਤੀ ਕਹੀਏ ਤਾਂ ਕਾਫੀ ਨਹੀਂ, ਇਹ ਵੱਡੀ ਪ੍ਰਾਪਤੀ ਹੈ ਸਗੋਂ ਬਹੁਤ ਵੱਡੀ ਪ੍ਰਾਪਤੀ ਹੈ। ਆਤਮਜੀਤ ਤੇ ਉਹਦੇ ਸਹਿਯੋਗੀ ਕਲਾਕਾਰਾਂ ਨੇ ਸਾਡਾ ਸਾਰਿਆਂ ਦਾ ਸਿਰ ਉੱਚਾ ਕੀਤਾ ਹੈ।

ਪਿੱਛੋਂ ਲਿਖਿਆ ਨੋਟ: ਇਹ ਨਾਟਕ ਤਿੰਨ ਰਾਤਾਂ ਟੈਗੋਰ ਥੀਏਟਰ 'ਚ ਖੇਡਿਆ ਗਿਆ। ਮੈਂ ਅਖੀਰਲੀ ਰਾਤ ਹੀ ਵੇਖ ਸਕਿਆ। ਪਹਿਲੀ ਪੇਸ਼ਕਾਰੀ ਬਾਅਦ ਇਹਦੀ ਅਖਬਾਰਾਂ 'ਚ ਜਿਹੜੀ ਚਰਚਾ ਹੋਈ, ਉਹ ਨਾਟਕ ਦੇ ਗੁਣ/ਔਗੁਣ ਬਾਰੇ ਘੱਟ ਸੀ ਸਗੋਂ ਇਸ ਮੁੱਦੇ 'ਤੇ ਬਹੁਤੀ ਕੇਂਦਰਤ ਸੀ ਕਿ ਨਾਟਕ ਟਿਕਟ 'ਤੇ ਹੋਵੇ ਜਾਂ ਨਾਂ। ਮਹਾਂਨਗਰਾਂ ਵਿਚ ਇਹ ਮੁੱਦਾ ਇਕ ਮੁੱਦਾ ਹੋ ਸਕਦਾ ਹੈ ਪਰ ਇਹ ਸਰਵਵਿਆਪਕ ਨਹੀਂ। ਮਿਸਾਲ ਲਈ ਜਦੋਂ ਇਹ ਨਾਟਕ ਪਹਿਲੇ ਦਿਨ ਟੈਗੋਰ ਥੀਏਟਰ 'ਚ ਖਚਾ ਖਚ ਭਰੇ ਹਾਲ (600 ਤੋਂ ਵੱਧ ਦਰਸ਼ਕ) ਵਿਚ ਹੋ ਰਿਹਾ ਸੀ ਤਾਂ ਉਸੇ ਦਿਨ ਸਾਡੇ ਵਲੋਂ ਮਹਿਲ ਕਲਾਂ 'ਚ ਇਕ ਨਾਟਕ 12,000 ਦਰਸ਼ਕਾਂ ਲਈ (ਜਿਨ੍ਹਾਂ ਵਿਚ 5000 ਤੋਂ ਵੱਧ ਔਰਤਾਂ ਸਨ) ਹੋ ਰਿਹਾ ਸੀ। 'ਡਰਨਾ' ਨਾਟਕ ਬਲਾਤਕਾਰ ਦੇ ਵਿਸ਼ੇ 'ਤੇ ਅੱਜ ਦੇ ਸਮਾਜ ਬਾਰੇ ਇਕ ਤੀਖਣ ਟਿੱਪਣੀ ਸੀ। ਇਹ ਬਹੁਤ ਹੀ ਸਫਲ ਪੇਸ਼ਕਾਰੀ ਸੀ। ਸਿਰਫ ਟਿਕਟ ਹੀ ਪੰਜਾਬੀ ਨਾਟਕ ਦੇ ਵਿਕਾਸ ਦੀ ਜ਼ਾਮਨੀ ਹੈ, ਇਹ ਇਕ ਮਹਿਦੂਦ ਸੱਚ ਹੈ।

ਲੋੜ ਹੈ ਕਿ ਨਾਟਕਕਾਰ ਆਪਣੇ ਆਪ ਨੂੰ ਸੰਬੋਧਨ ਹੋਵੇ ਕਿ ਉਹ ਥੀਏਟਰ ਕਿਉਂ ਕਰਦਾ ਹੈ? ਕਿਸਦੇ ਲਈ ਕਰਦਾ ਹੈ ? ਉਹ ਦੇ ਅਨੁਸਾਰ ਹੀ ਆਪਣੇ ਨਾਟਕ ਨੂੰ ਡਿਜ਼ਾਇਨ ਕਰੇ। ਟਿਕਟ ਦੀ ਲੋੜ ਥੀਏਟਰ ਦੀ ਇਕ ਆਦਰਸ਼ਕ ਲੋੜ ਮੰਨਦੇ ਹੋਏ ਆਤਮਜੀਤ ਨੇ ਬੜੇ ਸਿਰੜ ਨਾਲ ਆਪਣੇ ਇਰਾਦੇ ਦੀ ਪੂਰਤੀ ਕੀਤੀ ਹੈ। ਇਹਦੇ ਲਈ ਉਹ ਵਧਾਈ ਦਾ ਪਾਤਰ ਹੈ। ਪਰ ਟਿਕਟ ਨਾਲ ਸ਼ੋਅ ਕਰਨ 'ਤੇ ਜੋ ਇਹਦੇ ਨਾਲ ਖੱਜਲ-ਖੁਆਰੀ ਜੁੜੀ ਹੋਈ ਹੈ, ਆਤਮਜੀਤ ਤੋਂ ਵੱਧ ਭਲਾ ਇਹਦੇ ਬਾਰੇ ਹੋਰ ਕੌਣ ਜਾਣ ਸਕਦਾ ਹੈ? ਚੰਗਾ ਇਹੀ ਹੋਵੇਗਾ ਕਿ ਇਹ ਕੰਮ ਨਾਟਕਕਾਰ ਦੀ ਜ਼ਿੰਮੇਵਾਰੀ ਨਾ ਹੋਵੇ ਸਗੋਂ ਕਲਾ ਨਾਲ ਜੁੜੀਆਂ ਹੋਈਆ ਸਰਕਾਰੀ, ਨੀਮ ਸਰਕਾਰੀ ਜਾਂ ਪ੍ਰਾਈਵੇਟ ਸੰਸਥਾਵਾਂ ਵਲੋਂ ਨਾਟਕਕਾਰ ਕੋਲੋਂ ਬਜਟ ਲੈ ਕੇ ਇਹ ਜ਼ਿੰਮੇਵਾਰੀ ਨਿਭਾਈ ਜਾਵੇ। ਨਾਟਕਕਾਰ ਅਤੇ ਕਲਾਕਾਰਾਂ ਦੀ ਬਣਦੀ ਫੀਸ ਉਸ ਬਜਟ ਵਿਚ ਸ਼ਾਮਲ ਹੋਵੇ। ਆਤਮਜੀਤ ਇਸ ਜ਼ਿੰਮੇਵਾਰੀ ਤੋਂ ਸੁਰਖਰੂ ਹੋਵੇ, ਇਹਦੇ ਵਿਚ ਹੀ ਪੰਜਾਬੀ ਨਾਟਕ ਦੀ ਭਲਾਈ ਹੈ।

ਅਖੀਰਲੇ ਸ਼ੋ ਤੋਂ ਬਾਅਦ ਕਿਸੇ ਮੰਤਰੀ ਜਾਂ ਪਤਵੰਤੇ ਨੂੰ ਮੰਚ 'ਤੇ ਲਿਆਉਣ ਤੋਂ ਬਚਿਆ ਜਾ ਸਕਦਾ ਸੀ।